# ਫਿਰਕੂ ਅੱਤਵਾਦ ਦੀ ਸਿਰਜਣਹਾਰ ਆਰ ਐਸ ਐਸ ਬੇਨਕਾਬ

☛ ਆਰ. ਐੱਸ. ਐੱਸ. ਦੇ ਉੱਚ ਆਗੂ ਨੇ ਬੰਬ ਧਮਾਕਿਆਂ ਲਈ ਸਿਮ ਕਾਰਡ ਮੁਹੱਈਆ ਕਰਵਾਏ

☛ ਸਿੱਖ ਕਤਲੇਆਮ, ਗੁਜਰਾਤ ਕਤਲੇਆਮ, ਈਸਾਈਆਂ 'ਤੇ ਹਮਲੇ ਲਈ ਫਿਰਕੂ ਅੱਤਵਾਦ ਜ਼ਿੰਮੇਵਾਰ

☛ ਆਜ ਤੱਕ ਚੈਨਲ ਵੱਲੋਂ ਭੇਦ ਖੋਲਣ 'ਤੇ ਆਰ ਐਸ ਐਸ ਨੇ ਕੀਤੀ ਗੁੰਡਾਗਰਦੀ

ਪ੍ਰੋ. ਬਲਵਿੰਦਰਪਾਲ ਸਿੰਘ

ਬੀਤੇ ਦਿਨੀਂ 'ਆਜ ਤੱਕ' ਚੈਨਲ ਨੇ ਸੰਘ ਪਰਿਵਾਰ ਨੂੰ 'ਹਿੰਦੂ ਅੱਤਵਾਦ' ਦਾ ਸਿਰਜਣਹਾਰ ਦੱਸਿਆ ਤੇ ਉਸ ਦੀਆਂ ਅੱਤਵਾਦੀ ਗਤੀਵਿਧੀਆਂ ਸਟਿੰਗ ਅਪਰੇਸ਼ਨ ਰਾਹੀਂ ਦਰਸ਼ਕਾਂ ਦੇ ਸਾਹਮਣੇ ਲਿਆਂਦੀਆਂ। ਇਸ ਦੇ ਪ੍ਰਤੀਕਰਮ ਵਜੋਂ ਆਰ. ਐਸ. ਐਸ. ਦੇ ਕਾਰਕੁਨਾਂ ਨੇ ਨਵੀਂ ਦਿੱਲੀ 'ਚ ਵੀਡੀਓਕਾਨ ਦੀ ਇਮਾਰਤ ਵਿਚ ਸਥਿਤ 'ਆਜ ਤੱਕ' ਅਤੇ ਉਸ ਦੇ ਸਹਾਇਕ ਚੈਨਲ 'ਹੈੱਡਲਾਈਨਜ਼ ਟੂਡੇ' ਦੇ ਦਫਤਰਾਂ 'ਤੇ ਹਮਲਾ ਕਰਕੇ, ਤੋੜ-ਭੰਨ ਕੀਤੀ। ਲਾਠੀਆਂ ਨਾਲ ਲੈਸ ਸੰਘ ਪਰਿਵਾਰ ਦੇ ਵਰਕਰਾਂ ਨੇ ਸ਼ੀਸ਼ੇ ਦੇ ਦਰਵਾਜ਼ੇ ਤੋੜ ਦਿੱਤੇ, ਫਰਨੀਚਰ ਤੋੜ ਦਿੱਤਾ ਅਤੇ ਦਫ਼ਤਰ ਅੰਦਰ ਅਫ਼ਰਾ-ਤਫ਼ਰੀ ਮਚਾ ਦਿੱਤੀ। ਚੈਨਲ ਨੇ ਹਿੰਦੂ ਨੇਤਾ ਨੂੰ ਆਪਣਾ ਪੱਖ ਦੇਣ ਲਈ ਬੁਲਾਇਆ ਸੀ, ਪਰ ਉਨ੍ਹਾਂ ਵਿਚੋਂ ਕੋਈ ਨੇਤਾ ਵੀ ਆਪਣਾ ਪ੍ਰਤੀਕਰਮ ਦੇਣ ਨਹੀਂ ਆਇਆ। ਆਰ ਐਸ ਐਸ ਦੇ ਸੱਚ ਪੱਲੇ ਹੋਵੇ ਤਾਂ ਕੁਝ ਕਹਿਣ। ਹਿੰਸਾ ਤੇ ਫਿਰ ਕਿਉਂ ਉਤਰਨ? ਇਸ ਚੈਨਲ ਦਾ ਸਟਿੰਗ ਆਪਰੇਸ਼ਨ 2007 ਦੇ ਅਕਤੂਬਰ ਮਹੀਨੇ ਵਿਚ ਹੋਏ ਬੰਬ ਵਿਸਫੋਟ ਦੇ ਸੰਬੰਧ ਵਿਚ ਸੀ। ਉਥੇ ਖਵਾਜ਼ਾ ਮੋਇਨਦੀਨ ਚਿਸ਼ਤੀ ਸੂਫ਼ੀ ਸੰਤ ਦੇ ਸਥਾਨ, ਅਜਮੇਰ ਸ਼ਰੀਫ਼ ਵਿਚ ਹੋਏ ਵਿਸਫੋਟ ਵਿਚ 2 ਲੋਕ ਮਰ ਗਏ ਸਨ ਅਤੇ 17 ਜ਼ਖਮੀ ਹੋ ਗਏ ਸਨ। ਬਾਅਦ ਵਿਚ ਹੋਈ ਸੀ. ਬੀ. ਆਈ. ਪੜਤਾਲ ਨੇ ਕਈ ਆਰ. ਐਸ. ਐਸ. ਦੇ ਕਾਰਕੁਨਾਂ ਵੱਲੋਂ ਕੀਤੀ ਗਈ ਕਾਰਵਾਈ ਵੱਲ ਸੰਕੇਤ ਕੀਤੇ। ਉਸ ਤੋਂ ਬਾਅਦ, 'ਆਜ ਤੱਕ' ਨੇ ਇਸ ਸੰਬੰਧ ਵਿਚ ਸਟਿੰਗ ਆਪਰੇਸ਼ਨ ਕੀਤਾ ਸੀ ਜਿਸ ਨੂੰ ਚੈਨਲ ਉੱਤੇ ਦਿਖਾਇਆ ਗਿਆ।

ਚੈਨਲ 'ਤੇ ਦਿਖਾਏ ਇਸ ਪ੍ਰੋਗਰਾਮ ਤੋਂ ਜ਼ਾਹਿਰ ਹੈ ਕਿ ਆਰ ਐਸ ਐਸ ਕੁਝ ਫਿਰਕੂ ਸੰਗਠਨਾਂ ਦੀ ਸਰਪ੍ਰਸਤੀ ਕਰਕੇ ਭਾਰਤ ਦੀਆਂ ਘੱਟ ਗਿਣਤੀਆਂ 'ਚ ਦਹਿਸ਼ਤ ਪੈਦਾ ਕਰਨ ਲਈ ਫਿਰਕੂ ਅੱਤਵਾਦੀ ਤਿਆਰ ਕਰ ਰਹੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਰਾਜਸਥਾਨ ਦੇ ਅਜਮੇਰ ਸ਼ਹਿਰ ਵਿੱਚ ਸੂਫੀ ਸੰਤ ਖਵਾਜਾ ਮੋਇਨੂਦੀਨ ਚਿਸ਼ਤੀ ਦੀ ਦਰਗਾਹ ਨੇੜੇ ਅਤੇ ਹੈਦਰਾਬਾਦ ਦੀ ਮੱਕਾ ਮਸਜਿਦ 'ਚ ਹੋਏ ਧਮਾਕਿਆਂ ਦੀ ਜਾਂਚ ਕਰ ਰਹੇ ਅਧਿਕਾਰੀਆਂ ਦੇ ਸ਼ੱਕ ਦੀ ਸੂਈ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਇੱਕ ਉੱਚ ਆਗੂ ਅਸ਼ੋਕ ਵਾਰਸ਼ਨੇ ਵੱਲ ਜਾ ਰਹੀ ਹੈ, ਜਿਸ ਨੇ ਕਥਿਤ ਤੌਰ 'ਤੇ ਅਜਮੇਰ ਸ਼ਰੀਫ ਧਮਾਕੇ ਦੇ ਮੁੱਖ ਦੋਸ਼ੀ ਨੂੰ ਸਿਮ ਕਾਰਡ ਮੁਹੱਈਆ ਕਰਵਾਏ। ਜਾਂਚ-ਕਰਤਾਵਾਂ ਨੇ ਦੱਸਿਆ ਝਾਰਖੰਡ ਵਿੱਚ ਆਰ. ਐੱਸ. ਐੱਸ. ਦੇ ਸਾਬਕਾ 'ਪ੍ਰਾਂਤ ਪ੍ਰਚਾਰਕ' ਅਸ਼ੋਕ ਵਾਰਸ਼ਨੇ ਨੇ ਦਵਿੰਦਰ ਗੁਪਤਾ ਨੂੰ ਦੋ ਸਿਮ ਕਾਰਡ ਦਿੱਤੇ। ਇਹ ਸਿਮ ਕਾਰਡ ਕਥਿਤ ਤੌਰ 'ਤੇ ਮੱਕਾ ਮਸਜਿਦ ਵਿੱਚ ਧਮਾਕਾ ਕਰਨ ਲਈ ਵੀ ਵਰਤੇ ਗਏ, ਜਿੱਥੇ 17 ਵਿਅਕਤੀ ਮਾਰੇ ਗਏ ਸਨ। ਜਾਂਚ-ਕਰਤਾਵਾਂ ਦਾ ਕਹਿਣਾ ਹੈ ਕਿ ਉਹ ਦੋਵਾਂ ਧਮਾਕਿਆਂ ਵਿੱਚ ਵਰਤੇ ਗਏ ਸਿਮ ਕਾਰਡਾਂ ਬਾਰੇ ਸਬੂਤ ਇਕੱਠੇ ਕਰ ਰਹੇ ਹਨ। ਇਹ ਦੋਵੇਂ ਸਿਮ ਹੈਦਰਾਬਾਦ ਅਤੇ ਅਜਮੇਰ ਤੋਂ ਖ਼ਰੀਦ ਕੇ ਦਵਿੰਦਰ ਗੁਪਤਾ ਨੂੰ ਦਿੱਤੇ ਗਏ, ਜੋ ਖ਼ੁਦ ਆਰ. ਐੱਸ. ਐੱਸ. ਵਰਕਰ ਹੈ। ਰਾਜਸਥਾਨ ਪੁਲੀਸ ਨੇ ਗੁਪਤਾ ਅਤੇ ਦੋ ਹੋਰਨਾਂ ਨੂੰ ਫਿਰਕੂ ਅੱਤਵਾਦੀਆਂ ਵੱਲੋਂ ਕਥਿਤ ਤੌਰ 'ਤੇ ਕੀਤੇ ਧਮਾਕਿਆਂ ਦੇ ਦੋਸ਼ ਵਿੱਚ ਇਸ ਸਾਲ 30 ਅਪ੍ਰੈਲ ਨੂੰ ਗ੍ਰਿਫ਼ਤਾਰ ਕੀਤਾ ਸੀ। ਮਹਾਂਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਅੱਤਵਾਦ ਵਿਰੋਧੀ ਦਸਤੇ ਅਤੇ ਸੀ. ਬੀ. ਆਈ. 21 ਜੂਨ ਤੋਂ ਹੁਣ ਤੱਕ ਅਸ਼ੋਕ ਵਾਰਸ਼ਨੇ ਅਤੇ ਆਰ. ਐੱਸ. ਐੱਸ. ਦੀ ਕੇਂਦਰੀ ਕਮੇਟੀ ਦੇ ਮੈਂਬਰ ਅਸ਼ੋਕ ਬੇਰੀ ਤੋਂ ਕਈ ਵਾਰ ਪੁੱਛ-ਗਿੱਛ ਕਰ ਚੁੱਕੀ ਹੈ। ਵਾਰਸ਼ਨੇ ਦਾ ਕਹਿਣਾ ਸੀ ਕਿ ਉਹ ਅਜਮੇਰ ਜਾਂ ਹੈਦਰਾਬਾਦ ਵਿੱਚ ਮੌਜੂਦ ਨਹੀਂ ਸੀ, ਇਸ ਲਈ ਸਿਮ ਕਾਰਡਾਂ ਦਾ ਸਰੋਤ ਨਹੀਂ ਬਣ ਸਕਦਾ।





ਆਰ ਐਸ ਐਸ ਦੇ ਗੁੰਡੇ ਨਿਊਜ਼ ਚੈਨਲ 'ਤੇ ਹਮਲਾ ਕਰਦੇ ਹੋਏ।



ਅੱਤਵਾਦਣ ਸਾਧਵੀ ਪ੍ਰਗਿਆ



ਅੱਤਵਾਦੀ ਕਰਨਲ ਪੁਰੋਹਿਤ

ਅੱਤਵਾਦ ਵਿਰੋਧੀ ਦਸਤੇ ਦੇ ਅਧਿਕਾਰੀਆਂ ਨੇ ਕਿਹਾ ਕਿ ਦਵਿੰਦਰ ਗੁਪਤਾ ਨੇ ਘੱਟੋ-ਘੱਟ ਇੱਕ ਸਿਮ ਕਾਰਡ ਝਾਰਖੰਡ ਦੇ ਦੁਮਕਾ ਸ਼ਹਿਰ ਤੋਂ ਪ੍ਰਾਪਤ ਕੀਤਾ। ਕੁੱਲ ਮਿਲਾ ਕੇ ਨੌਂ ਸਿਮ ਕਾਰਡ ਪੱਛਮੀ ਬੰਗਾਲ ਅਤੇ ਝਾਰਖੰਡ ਵਿੱਚ ਵੱਖ-ਵੱਖ ਥਾਵਾਂ ਤੋਂ ਖ਼ਰੀਦੇ ਗਏ, ਪਰ ਇਹ ਨਹੀਂ ਪਤਾ ਲੱਗ ਸਕਿਆ ਕਿ ਕਿਹੜੇ ਸਿਮ ਕਾਰਡਾਂ ਨਾਲ ਧਮਾਕੇ ਕੀਤੇ ਗਏ। ਵਾਰਸ਼ਨੇ ਭਾਵੇਂ ਦੋਸ਼ਾਂ ਤੋਂ ਇਨਕਾਰ ਕਰ ਰਿਹਾ ਹੈ, ਪਰ ਸੀ. ਬੀ. ਆਈ. ਦਾ ਮੰਨਣਾ ਹੈ ਕਿ ਅਜਮੇਰ ਅਤੇ ਹੈਦਰਾਬਾਦ ਵਿਖੇ ਮੋਬਾਇਲ ਫੋਨ ਰਾਹੀਂ ਕੀਤੇ ਗਏ ਧਮਾਕਿਆਂ ਵਿੱਚ ਕਾਫ਼ੀ ਸਮਾਨਤਾਵਾਂ ਹਨ ਅਤੇ ਸੰਭਵ ਹੈ ਕਿ ਦੋਵੇਂ ਬੰਬ ਰੱਖਣ ਲਈ ਇੱਕੋ ਤਰੀਕਾ ਵਰਤਿਆ ਗਿਆ। ਆਰ. ਐੱਸ. ਐੱਸ. ਦੇ ਇੱਕ ਹੋਰ ਕਾਰਕੁੰਨ ਸੁਨੀਲ ਜੋਸ਼ੀ ਦਾ ਨਾਂ ਲੈਂਦਿਆਂ ਸੀ. ਬੀ. ਆਈ. ਡਾਇਰੈਕਟਰ ਅਸ਼ਵਨੀ ਕੁਮਾਰ ਨੇ ਕਿਹਾ, "ਉਸ ਨੇ ਅਜਮੇਰ ਵਿਖੇ ਧਮਾਕਾ ਕਰਨ 'ਚ ਅਹਿਮ ਭੂਮਿਕਾ ਨਿਭਾਈ ਅਤੇ ਬੰਬ ਨੂੰ ਐਕਟੀਵੇਟ ਕਰਨ ਲਈ ਸਿਮ ਕਾਰਡਾਂ ਦੀ ਵਰਤੋਂ ਕੀਤੀ।" ਭਾਵੇਂ ਵਾਰਸ਼ਨੇ ਨੇ ਸਿਮ ਕਾਰਡ ਮੁਹੱਈਆ ਕਰਵਾਉਣ 'ਚ ਭੂਮਿਕਾ ਤੋਂ ਇਨਕਾਰ ਕਰ ਦਿੱਤਾ, ਪਰ ਗੁਪਤਾ ਅਤੇ ਬੇਰੀ ਨਾਲ ਸੰਬੰਧਾਂ ਨੂੰ ਮੰਨਿਆ। 30 ਅਪ੍ਰੈਲ ਨੂੰ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਗੁਪਤਾ ਕਾਨਪੁਰ ਵਿਖੇ ਸਥਿਤ ਵਾਰਸ਼ਨੇ ਦੇ ਘਰ ਠਹਿਰਿਆ ਸੀ ਅਤੇ ਉੱਥੋਂ ਉਹ ਫਿਰਕਾਪ੍ਰਸਤ ਆਗੂਆਂ ਵੱਲੋਂ ਸੀਤਾਪੁਰ ਵਿਖੇ ਮੁਹੱਈਆ ਕਰਵਾਏ ਸੁਰੱਖਿਅਤ ਟਿਕਾਣੇ 'ਤੇ ਪਹੁੰਚ ਗਿਆ ਸੀ। ਸੀ. ਬੀ. ਆਈ. ਨੇ ਹਾਲ ਹੀ ਵਿੱਚ ਸੀਤਾਪੁਰ ਦਾ ਦੌਰਾ ਕੀਤਾ, ਤਾਂ ਕਿ ਵਾਰਸ਼ਨੇ ਅਤੇ ਬੇਰੀ ਵਿਰੁੱਧ ਹੋਰ ਸਬੂਤ ਇਕੱਠੇ ਕੀਤੇ ਜਾ ਸਕਣ।

ਬਾਕੀ ਹਿਸਾ EXT-C 'ਤੇ →

## ਫਿਰਕੂ ਅੱਤਵਾਦੀ ਦੀਆਂ ਹਿੰਸਕ ਘਟਨਾਵਾਂ

* ਨਾਂਦੇੜ ਵਿਖੇ 6 ਅਪ੍ਰੈਲ 2006 ਨੂੰ ਇੱਕ ਘਰ ਵਿੱਚ ਹੋਇਆ ਧਮਾਕਾ, ਜਿਸ ਵਿੱਚ ਬੰਬ ਬਣਾਉਂਦੇ ਬਜਰੰਗ ਦਲ ਦੇ ਦੋ ਵਰਕਰ ਅਤੇ 4 ਹੋਰ ਮਾਰੇ ਗਏ।
* ਦਿੱਲੀ ਵਿਖੇ 14 ਅਪ੍ਰੈਲ 2006 ਨੂੰ ਜਾਮਾ ਮਸਜਿਦ ਦੇ ਅੰਦਰ ਹੋਏ ਦੋ ਧਮਾਕੇ, ਜਿਨ੍ਹਾਂ ਵਿੱਚ ਇੱਕ ਵਿਅਕਤੀ ਮਾਰਿਆ ਗਿਆ ਸੀ।
* ਮਾਲੇਗਾਉਂ (ਮਹਾਂਰਾਸ਼ਟਰ) ਵਿਖੇ 8 ਸਤੰਬਰ 2006 ਨੂੰ ਇੱਕ ਮਸਜਿਦ ਨੇੜੇ ਹੋਏ ਲੜੀਵਾਰ ਬੰਬ ਧਮਾਕੇ, ਜਿਨ੍ਹਾਂ ਵਿੱਚ 37 ਵਿਅਕਤੀ ਮਾਰੇ ਗਏ ਸਨ ਅਤੇ 125 ਜ਼ਖ਼ਮੀ ਹੋਏ ਸਨ।
* ਹਰਿਆਣਾ ਦੇ ਦਿਵਾਨਾ ਪਿੰਡ ਨੇੜੇ 18 ਫਰਵਰੀ 2007 ਨੂੰ ਸਮਝੌਤਾ ਐਕਸਪ੍ਰੈੱਸ 'ਚ ਹੋਏ ਦੋ ਧਮਾਕੇ, ਜਿਨ੍ਹਾਂ ਵਿੱਚ 68 ਯਾਤਰੀ ਮਾਰੇ ਗਏ ਸਨ।
* ਅਜਮੇਰ ਸ਼ਰੀਫ਼ ਵਿਖੇ 11 ਅਕਤੂਬਰ 2007 ਨੂੰ ਸਮਝੌਤਾ ਐਕਸਪ੍ਰੈੱਸ 'ਚ ਹੋਏ ਦੋ ਧਮਾਕੇ, ਜਿਨ੍ਹਾਂ ਵਿੱਚ 37 ਵਿਅਕਤੀ ਮਾਰੇ ਗਏ ਸਨ ਅਤੇ 125 ਜ਼ਖ਼ਮੀ ਹੋਏ ਸਨ।
* ਹੈਦਰਾਬਾਦ ਦੀ ਮੱਕਾ ਮਸਜਿਦ 'ਚ 18 ਅਕਤੂਬਰ 2007 ਨੂੰ ਮੋਬਾਇਲ ਫੋਨ ਰਾਹੀਂ ਪਾਈਪ ਬੰਬ 'ਚ ਕੀਤਾ ਗਿਆ ਧਮਾਕਾ, ਜਿਸ ਵਿੱਚ 14 ਵਿਅਕਤੀ ਮਾਰੇ ਗਏ ਸਨ। ਉਸ ਦਿਨ ਜੁੰਮੇ ਦੀ ਨਮਾਜ਼ ਲਈ 10,000 ਤੋਂ ਵੱਧ ਲੋਕ ਮੌਜੂਦ ਸਨ।
* ਕਾਨਪੁਰ ਵਿਖੇ 24 ਅਗਸਤ 2008 ਨੂੰ ਦੁਰਘਟਨਾਵਸ ਹੋਇਆ ਧਮਾਕਾ, ਜਿਸ ਵਿੱਚ ਬਜ਼ਰੰਗ ਦਲ ਦੇ ਦੋ ਕਾਰਕੁੰਨ ਬੰਬ ਬਣਾਉਂਦੇ ਮਾਰੇ ਗਏ ਸਨ।
* ਦਿੱਲੀ ਦੇ ਮਹਿਰੋਲੀ ਇਲਾਕੇ ਵਿੱਚ 'ਫੂਲਵਾਲੋਂ ਕੀ ਸੈਰ' ਫੁੱਲ ਬਾਜ਼ਾਰ ਵਿੱਚ ਰੋਟੀ ਦੇ ਡੱਬੇ 'ਚ ਰੱਖੇ ਦੇਸੀ ਬੰਬ 'ਚ ਹੋਇਆ ਧਮਾਕਾ, ਜਿਸ ਕਾਰਨ ਤਿੰਨ ਵਿਅਕਤੀ ਮਾਰੇ ਗਏ ਸਨ ਅਤੇ 20 ਜ਼ਖ਼ਮੀ ਹੋਏ ਸਨ।
* ਮਾਲੇਗਾਉਂ ਅਤੇ ਗੁਜਰਾਤ ਦੇ ਮੋਡਾਸਾ ਵਿਖੇ 29 ਸਤੰਬਰ 2008 ਨੂੰ ਹੋਏ ਲੜੀਵਾਰ ਧਮਾਕੇ, ਜਿਨ੍ਹਾਂ ਵਿੱਚ ਸੱਤ ਵਿਅਕਤੀ ਮਾਰੇ ਗਏ ਸਨ।
* ਗੋਆ ਦੇ ਮਡਗਾਉਂ ਵਿਖੇ 16 ਅਕਤੂਬਰ 2009 ਨੂੰ ਸਕੂਟਰ 'ਤੇ ਲਿਜਾਈ ਜਾ ਰਹੀ ਧਮਾਕਾਖੇਜ਼ ਸਮੱਗਰੀ ਵਿੱਚ ਹੋਇਆ ਧਮਾਕਾ, ਜਿਸ ਵਿੱਚ ਦੋਵੇਂ ਸਕੂਟਰ ਸਵਾਰ ਮਾਰੇ ਗਏ ਸਨ। ਇਹ ਦੋਵੇਂ ਇੱਕ ਹਿੰਦੂਵਾਦੀ ਜੱਥੇਬੰਦੀ ਦੇ ਮੈਂਬਰ ਸਨ।

## ਹਿੰਦੂ ਅੱਤਵਾਦ ਦਾ ਭੂਤ ਵਿਖਾ ਰਹੀ ਹੈ ਕਾਂਗਰਸ - ਆਰ. ਐੱਸ. ਐੱਸ.

ਨਵੀਂ ਦਿੱਲੀ-ਆਰ. ਐੱਸ. ਐੱਸ. ਦਾ ਕਹਿਣਾ ਹੈ ਕਿ ਮਹਿੰਗਾਈ, ਅੱਤਵਾਦ, ਨਕਸਲਵਾਦ ਤੇ ਭ੍ਰਿਸ਼ਟਾਚਾਰ ਵਰਗੇ ਮੁੱਦਿਆਂ 'ਤੇ ਯੂ. ਪੀ. ਏ. ਸਰਕਾਰ ਦੀਆਂ ਕਥਿਤ ਲੋਕ ਵਿਰੋਧੀ ਨੀਤੀਆਂ ਕਿਤੇ ਰਾਹੁਲ ਗਾਂਧੀ ਦੀ ਤਾਜਪੋਸ਼ੀ ਵਿੱਚ ਰੁਕਾਵਟ ਪੈਦਾ ਨਾ ਕਰ ਦੇਣ, ਇਸੇ ਲਈ ਕਾਂਗਰਸ 'ਹਿੰਦੂ ਅੱਤਵਾਦ' ਦਾ ਭੂਤ ਖੜ੍ਹਾ ਕਰ ਰਹੀ ਹੈ। ਆਰ. ਐੱਸ. ਐੱਸ. ਦੇ ਮੁੱਖ ਰਸਾਲੇ 'ਪਾਂਚਜਨਯ' ਦੇ ਤਾਜ਼ਾ ਅੰਕ ਦੇ ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਸੰਘ ਨੂੰ ਬਦਨਾਮ ਕਰਨ ਲਈ ਕਾਂਗਰਸ ਵੱਲੋਂ ਇੱਕ ਗਿਣੀ-ਮਿੱਥੀ ਸਾਜ਼ਿਸ਼ ਅਧੀਨ ਹਿੰਦੂ ਅੱਤਵਾਦ ਦਾ ਭੂਤ ਖੜ੍ਹਾ ਕੀਤਾ ਜਾ ਰਿਹਾ ਹੈ।